# ਰੋਜਾਨਾ ਕਰਾਈਮ ਡਾਇਰੀ
## ਮਿਤੀ 27-10-2024

| ਲੜੀ ਨੰ: | ਥਾਣਾ | ਮੁਕੱਦਮੇ ਦਾ ਵੇਰਵਾ | ਮੁਦਈ ਦਾ ਪੂਰਾ ਨਾਮ ਤੇ ਟੈਲੀਫੋਨ ਨੰ:/ਮੋਬ: ਨੰ: | ਦੋਸ਼ੀਆਂ ਦਾ ਵੇਰਵਾ | ਸੰਖੇਪ ਹਾਲਾਤ | ਮਾਲ ਮੁਕੱਦਮੇ ਦਾ ਵੇਰਵਾ | ਮੌਕੇ ਤੇ ਵਕੂਆ ਦੀ ਵੀਡੀਓਗ੍ਰਾਫੀ ਕੀਤੀ ਗਈ,ਰਿਕਵਰੀ ਦੀ ਵੀਡੀਓਗ੍ਰਾਫੀ ਕੀਤੀ ਗਈ: | ਤਫਤੀਸ਼ੀ ਅਫਸਰ ਅਤੇ ਮੋਬ: ਨੰ |
|---|---|---|---|---|---|---|---|---|
| 1. | ਜੰਡਿਆਲਾ | 289 ਮਿਤੀ 26-10-24 ਜੁਰਮ 109,190,191(3)BNS 25-27-54-59 A.ACT | ਗੁਰਮੀਤ ਸਿੰਘ ਪੁੱਤਰ ਪ੍ਰੀਤਮ ਸਿੰਘ ਪੁੱਤਰ ਲਾਭ ਸਿੰਘ ਵਾਸੀ ਅਕਾਲਗੜ ਢਪਈਆਂ ਉਮਰ ਕੀਬ 42 ਸਾਲ 8264735930 | 1.ਹਰਜਿੰਦਰ ਸਿੰਘ ਪੁੱਤਰ ਬਲਦੇਵ ਸਿੰਘ, 2.ਸੁਖਵਿੰਦਰ ਕੌਰ ਪਤਨੀ ਹਰਜਿੰਦਰ ਸਿੰਘ,3.ਪ੍ਰਗਟ ਸਿੰਘ ਪੁੱਤਰ ਪ੍ਰੀਤਮ ਸਿੰਘ,4. ਸਾਜਨ ਸਿੰਘ ਪੁੱਤਰ ਪ੍ਰਗਟ ਸਿੰਘ,5. ਮਨਦੀਪ ਕੌਰ ਪਤਨੀ ਪ੍ਰਗਟ ਸਿੰਘ ਵਾਸੀ ਅਕਾਲਗੜ੍ਹ ਪਈਆਂ 6. ਪਿੰਦੂ 7. ਪਿੰਦੂ ਦੀ ਘਰਵਾਲੀ ਰਾਜ ਕੌਰ 8.ਪਿੰਦੂ ਦੇ ਦੋਵੇਂ ਲੜਕੇ ਵਾਸੀਆਂ ਨੂੰ ਫਤਿਹਪੁਰ ਰਾਜਪੂਤਾਂ **ਦੋਸੀ ਨੰ:02,03,05 ਗ੍ਰਿਫਤਾਰ** | ਮੁਦਈ ਨੇ ਬਿਆਨ ਕੀਤਾ ਕਿ ਮਿਤੀ 25-10-2024 ਨੂੰ ਵਕਤ ਕਰੀਬ 7:20PM ਸ਼ਾਮ ਦਾ ਹੋਵੇਗਾ ਕਿ ਮੇਰੇ ਵੱਡੇ ਭਰਾ ਸਤਨਾਮ ਸਿੰਘ ਦਾ ਲੜਕਾ ਜਰਮਨਜੀਤ ਸਿੰਘ ਉਰਫ ਹੈਪੀ ਇਹ ਡਾਕਟਰ ਬਲਰਾਜ ਸਿੰਘ ਦੀ ਦੁਕਾਨ ਤੇ ਮੋਬਾਇਲ ਵਿੱਚ ਪੈਸੇ ਪਵਾਉਣ ਗਿਆ ਜਿੱਥੇ ਸੁਖਵਿੰਦਰ ਕੌਰ ਜੋ ਮੇਰਾ ਭਤੀਜੇ ਹੈਪੀ ਥੋੜਾ ਥਥਲਾ ਕੇ ਬੋਲਦਾ ਹੈ ਜਦੋਂ ਉਹ ਡਾਕਟਰ ਨਾਲ ਗੱਲ ਕਰ ਰਿਹਾ ਸੀ ਤਾਂ ਸੁਖਵਿੰਦਰ ਕੌਰ ਪਿੱਛੇ ਖੜੀ ਹੱਸ ਪਈ ਜੋ ਉਥੋਂ ਵਿਹਲਾ ਹੋ ਕੇ ਸੁਖਵਿੰਦਰ ਕੌਰ ਦੇ ਘਰ ਉਲਾਂਭਾ ਦੇਣ ਚਲਾ ਗਿਆ ਜਿੱਥੇ ਹਰਜਿੰਦਰ ਸਿੰਘ ਘਰ ਵਿੱਚ ਮੌਜੂਦ ਸੀ,ਹਰਜਿੰਦਰ ਸਿੰਘ ਨੇ ਕਿਹਾ ਕਿ ਤੂੰ ਘਰ ਚਲ ਮੇਰੀ ਘਰਵਾਲੀ ਨੇ ਮੁੰਡੇ ਮੰਗਵਾ ਲਏ ਹਨ ਤੈਨੂੰ ਮਜ਼ਾ ਚੁਕਾ ਦੇਦੇ ਹਾਂ ਜੋ ਤਾਂ ਵਕਤ ਕਰੀਬ 08:45 ਰਾਤਦਾ ਹੋਵੇਗਾ ਕਿ ਇਕਦਮ ਹਮਸਲਾ ਹੋ ਕੇ ਹਰਜਿੰਦਰ ਸਿੰਘ ਸੁਖਵਿੰਦਰ ਕੌਰ ,ਪ੍ਰਗਟ ਸਿੰਘ,ਸਾਜਨ ਸਿੰਘ, ਮਨਦੀਪ ਕੌਰ ਅਤੇ ਪਿੰਦੂ ਮਸੱਲਾ ਪਿਸਟਲ ਅਤੇ ਇਸ ਦੇ ਦੋਵੇਂ ਲੜਕੇ ਜਿੰਨਾ ਪਾਸ ਕਿਰਪਾਨਾਂ ਦਾਤਰ ਸਨ ਪਿੰਦੂ ਦੀ ਘਰਵਾਲੀ ਰਾਜ ਕੌਰ ਮੇਰੇ ਘਰ ਦੇ ਅੰਦਰ ਆ ਵੜੇ ਅਤੇ ਸਾਰਿਆਂ ਨੇ ਆਉਂਦੇ ਸਾਰ ਹੀ ਗਾਲ ਮੰਦਾ ਕਰਨਾ ਸ਼ੁਰੂ ਕਰ ਦਿੱਤਾ ਕਹਿਣ ਲੱਗੇ ਕਿ ਹੈਪੀ ਨੂੰ ਬਾਹਰ ਕੱਢੋ ਜੋ ਰੌਲਾ ਸੁਣ ਕੇ ਮੇਰੇ ਮੇਰੇ ਪਿਤਾ ਪ੍ਰੀਤਮ ਸਿੰਘ ਭਰਾ ਸਤਨਾਮ ਸਿੰਘ ਅਤੇ ਇਸ ਦੀ ਘਰਵਾਲੀ ਲਵਪ੍ਰੀਤ ਕੌਰ ਭਰਾ ਪੂਰਨ ਸਿੰਘ ਅਤੇ ਹੈਪੀ ਬਾਹਰ ਆ ਗਏ ਤੇ ਪਿੰਦੂ ਨੇ ਆਪਣੀ ਡੱਬ ਵਿੱਚੋਂ ਪਿਸਟਲ ਕੱਢ ਕੇ ਮੇਰੇ ਭਤੀਜੇ ਹੈਪੀ ਤੇ ਮਾਰ ਦੇਣ ਦੀ ਨੀਅਤ ਨਾਲ ਸਿੱਧੇ ਤੌਰ ਤੇ ਫਾਇਰ ਕੀਤੇ ਜੋ ਮੇਰਾ ਭਤੀਜਾ ਅਤੇ ਅਸੀਂ ਸਾਰੇ ਯਕਮ ਜਮੀਨ ਹੇਠਾਂ ਲੰਮੇ ਪੈ ਗਏ ਜੋ ਫਾਇਰ ਉੱਪਰ ਦੀ ਲੰਘ ਗਏ ਜੇ ਸਾਡੇ ਟੱਬਰ ਨੇ ਮਾਰ ਦਿੱਤਾ ਮਾਰ ਦਿੱਤਾ ਦਾ ਰੌਲਾ ਪਾਇਆ ਜੋ ਯਾਰਬਿਨ ਆਪੋ ਆਪਣੇ ਹਥਿਆਰਾਂ ਸਮੇਤ ਮੌਕੇ ਤੋਂ ਭੱਜ ਗਏ। | ਇਕ ਖੋਲ ਕਾਰਤੂਸ | ਹੋਈ ਹੈ ਜੀ । | ਏ.ਐਸ.ਆਈ ਰਸ਼ਪਾਲ ਸਿੰਘ ਨੰ:1918 ਬਟਾਲਾ 9780004590 |
| 2. | ਲ਼ੋਪੋਕੇ | 214 ਮਿਤੀ 26/10/2024 ਜੁਰਮ 303(2) BNS | ਲਾਲ ਸਿੰਘ ਪੁਤਰ ਕਸ਼ਮੀਰ ਸਿੰਘ ਵਾਸੀ ਬੱਚੀਵਿੰਡ ਥਾਣਾ ਲੋਪੋਕੇ ਤਹਿਸੀਲ ਅਜਨਾਲਾ ਜਿਲਾ ਅਮ੍ਰਿਤਸਰ ਉਮਰ ਕ੍ਰੀਬ 58 ਸਾਲ 98727-59522 | ਸੁਰਿੰਦਰ ਸਿੰਘ ਉਰਫ ਸੋਨੂੰ ਪੁਤਰ ਤਰਲੋਕ ਸਿੰਘ ਵਾਸੀ ਬਾਹਰ ਬਹਿਕ ਕਿਰਲਗੜ **ਗ੍ਰਿਫਤਾਰ** | ਮੁਦਈ ਨੇ ਬਿਆਨ ਕੀਤਾ ਕਿ ਮਿਤੀ 25-10-2024 ਨੂੰ ਮੈ ਸਮੇਤ ਗੁਰਬੀਰ ਸਿੰਘ ਪੁਤਰ ਸੱਜਣ ਸਿੰਘ ਸਰਮੁਖ ਸਿੰਘ ਪੁਤਰ ਸੁਰਿੰਦਰ ਸਿੰਘ ਮਲਕੀਤ ਸਿੰਘ ਪੁਤਰ ਸੁਰਿੰਦਰ ਸਿੰਘ ਵਾਸੀਆਨ ਬੱਚੀਵਿੰਡ ਆਪਣੀ ਪੈਲੀ ਵਿਚ ਬਾਸਮਤੀ ਦੀ ਕਟਾਈ ਕਰਨ ਲਈ 8-00 ਵਜੇ ਰਾਤ ਨੂੰ ਗਏ ਸੀ ਜੋ ਅਸੀ ਸਾਰੇ ਜਾਣੇ ਆਪਣੀ ਪੈਲੀ ਵਿਚ ਬਾਸਮਤੀ ਦੀ ਕਟਾਈ ਕਰ ਰਹੇ ਸੀ । ਰਾਤ ਕ੍ਰੀਬ 10- 00 PM ਤੇ ਮੇਰੀ ਪੈਲੀ ਵਿਚ ਲੱਗੇ ਟਰਾਸਫਾਰਮਰ ਬਿਜਲੀ ਤੇ ਕਿਸੇ ਵਿਅਕਤੀ ਵੱਲੋ ਛੇੜਖਾਨੀ ਕਰਨ ਦੀ ਅਵਾਜ ਆਈ ਜਦ ਅਸੀ ਵੇਖਿਆ ਤਾਂ ਕੋਈ ਵਿਅਕਤੀ ਟਰਾਸਫਾਰਮਰ ਬਿਜਲੀ ਨਾਲ ਛੇੜਛਾੜ ਕਰ ਰਿਹਾ ਸੀ ।ਜੋ ਅਸੀ ਸਾਰੇ ਜਾਣਿਆ ਨੇ ਘੇਰਾ ਪਾ ਕੇ ਉਸ ਛੇੜਛਾੜ ਵਾਲੇ ਵਿਅਕਤੀ ਨੂੰ ਕਾਬੂ ਕੀਤਾ ਜੋ ਸਾਡੇ ਪਿੰਡ ਦੇ ਨਾਲ ਲਗਦੇ ਪਿੰਡ ਕਿਰਲਗੜ੍ਹ ਦਾ ਸੁਰਿੰਦਰ ਸਿੰਘ ਉਰਫ ਸੋਨੂੰ ਪੁੱਤਰ ਤਰਲੋਕ ਸਿੰਘ ਵਾਸੀ ਬਾਹਰ ਬਹਿਕ ਕਿਰਲਗੜ ਸੀ ਉਸ ਪਾਸ ਇਕ ਡਰੰਮੀ ਪਲਾਸਟਿਕ ਰੰਗ ਪੀਲਾ ਤੇ ਡੱਕਣ ਨੀਲਾ,ਇਕ ਪਾਇਪ ਪਲਾਸਟਿਕ ਤਿੰਨ ਪਾਨੇ ਤੇ ਚਾਰ ਚਾਬੀਆ ਸਨ ਅਤੇ ਸਾਡੇ ਟਰਾਸਫਾਰਮਰ ਦਾ ਸਵਿੱਚ ਇਸ ਨੇ ਤੇਲ ਚੋਰੀ ਕਰਨ ਦੀ ਨੀਅਤ ਨਾਲ ਕੱਟਿਆ ਸੀ ਇਸ ਤੋਂ ਪਹਿਲਾ ਵੀ ਸਾਡੇ ਪਿੰਡ ਦੀਆ ਕਈ ਬੰਬੀਆ ਵਿਚ ਲੱਗੇ ਟਰਾਸਫਾਰਮਰਾ ਵਿਚੋਂ ਤੇਲ ਦੀ ਚੋਰੀ ਹੋ ਚੁੱਕੀ ਹੈ ।ਜਿਸਤੇ ਉਕਤ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। | ਇਕ ਡਰੰਮੀ ਪਲਾਸਟਿਕ, ਇਕ ਟਾਇਪ ਪਲਾਸਟਿਕ ਤਿੰਨ ਪਾਨੇ, ਚਾਰ ਚਾਬੀਆ | ਨਹੀ ਜੀ। | ਏ.ਐਸ.ਆਈ ਸੁਭਾਸ ਚੰਦਰ ਸਿੰਘ 1490 ਮੋ. 9814040164 |

| | | | | | | | | |
|---|---|---|---|---|---|---|---|---|
| 3. | ਘਰਿੰਡਾ | 254 ਮਿਤੀ 26/10/2024 ਜੁਰਮ 61-1-14 EX.ACT | ASI ਰਸਾਲ ਸਿੰਘ 9872077901 | ਦਵਿੰਦਰ ਸਿੰਘ ਪੁੱਤਰ ਮਹਿਲ ਸਿੰਘ ਵਾਸੀ ਹੁਸ਼ਿਆਰ ਨਗਰ **ਗ੍ਰਿਫਤਾਰੀ ਨਿੱਲ** | ਮਨ ਏ.ਐਸ.ਆਈ ਸਮੇਤ ਪੁਲਿਸ ਪਾਰਟੀ ਸਮੇਤ ਲੈਪਟੋਪ ਪ੍ਰਿੰਟਰ ਅਸੈਸਰੀ ਬਾ ਸਵਾਰੀ ਪ੍ਰਾਈਵੇਟ ਵਹੀਕਲ ਬ੍ਰਾਏ ਕਰਨੇ ਗਸ਼ਤ ਵਾ ਤਲਾਸ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਮੋੜ ਹੁਸ਼ਿਆਰ ਨਗਰ ਮੋਜੂਦ ਸੀ ਕਿ ਮੁਖਬਰ ਖਾਸ ਨੇ ਹਾਜਰ ਆ ਕੇ ਇਤਲਾਹ ਦਿੱਤੀ ਕਿ ਦਵਿੰਦਰ ਸਿੰਘ ਪੁੱਤਰ ਮਹਿਲ ਸਿੰਘ ਵਾਸੀ ਹੁਸ਼ਿਆਰ ਨਗਰ ਆਪਣੇ ਘਰ ਵਿੱਚ ਨਾਜੈਜ ਸਰਾਬ ਦੇਸੀ ਕੱਢ ਕੇ ਵੇਚਣ ਦਾ ਧੰਦਾ ਕਰਦੇ ਹਨ ਜਿਹਨਾ ਦੇ ਘਰ ਜੇਕਰ ਹੁਣੇ ਹੀ ਰੇਡ ਕੀਤਾ ਜਾਵੇ ਤਾ ਉਹਨਾ ਦੇ ਘਰੋ ਭਾਰੀ ਮਾਤਰਾ ਵਿੱਚ ਨਾਜੈਜ ਸਰਾਬ ਦੇਸੀ, ਲਹਾਣ ਜਾ ਚਾਲੂ ਭੱਠੀ ਬਰਾਮਦ ਹੋ ਸਕਦੀ ਹੈ ਜੋ ਇਹ ਇਤਲਾਹ ਠੋਸ ਅਤੇ ਸੱਚੀ ਹੋਣ ਕਰਕੇ ਦੋਸੀ ਖਿਲਾਫ ਮੁਕੱਦਮਾ ਉਕਤ ਧਾਰਾ ਅਧੀਨ ਉਕਤ ਮੁਕੱਦਮਾ ਦਰਜ ਰਜਿਸਟਰ ਥਾਣਾ ਕੀਤਾ ਗਿਆ | 2200 ਕਿਲੋ ਲਾਹਣ ਇੱਕ ਸਿਕਾਲਾ ਇੱਕ ਗੈਸ ਭੱਠੀ | ਵੀਡੀਓਗ੍ਰਾਫੀ ਕੀਤੀ ਗਈ | ASI ਰਸਾਲ ਸਿੰਘ 9872077901 |
| 4. | ਚਾਟੀਵਿੰਡ | 164 ਮਿਤੀ 26.10.2024 ਜੁਰਮ 305,324(4),333,191 (3),190 ਬੀ.ਐਨ.ਐਸ,25/27 ਆਰਮਜ ਐਕਟ | ਬਿਕਰਮਜੀਤ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਮਾਨਾਵਾਲਾ ਕਲਾ ਉਮਰ ਕਰੀਬ 8288822217 | (1) ਸਹਿਬ ਸਿੰਘ ਪੁੱਤਰ ਫਤਿਹ ਸਿੰਘ ਵਾਸੀ ਮਾਨਾਵਾਲਾ ਖੁਰਦ(2) ਬੱਲੂ ਵਾਸੀ ਤਲਵੰਡੀ ਡੋਗਰਾਂ (3)ਅਜੇ ਗਿੱਲ ਵਾਸੀ ਬਿਸੰਬਰਪੁਰਾ<br>04 ਅਕਾਸਦੀਪ ਸਿੰਘ ਵਾਸੀ ਪਿੜ ਬਿਸੰਬਰਪੁਰਾ (5) 12-13 ਨਾਮਲੂਮ ਹੋਰ ਵਿਅਕਤੀ<br>**ਗ੍ਰਿਫਤਾਰੀ ਨਿੱਲ** | ਮੁਦਈ ਨੇ ਬਿਆਨ ਕੀਤਾ ਕਿ ਮਿਤੀ 25-10-2024 ਨੂੰ ਮੈਂ ਆਪਣੇ ਘਰ ਦੀ ਛੱਤ ਉਪਰ ਟਹਿਲ ਰਿਹਾ ਸੀ ਤਾਂ ਵਕਤ ਕਰੀਬ 08-30 ਵਜੇ ਰਾਤ ਸਹਿਬ ਸਿੰਘ ਉਕਤ ਮੱਸਲਾ ਦਾਤਰ, ਸਮੇਤ ਬੱਲੂ ਮੁਸੱਲ੍ਹਾ ਪਿਸਟਲ ਵਾਸੀ ਤਲਵੰਡੀ ਡੋਗਰਾਂ,ਅਜੇ ਗਿੱਲ ਮੁਸੱਲਾ ਦਾਤਰ ਵਾਸੀ ਬਿਸੰਬਰਪੁਰਾ, ਅਕਾਸਦੀਪ ਸਿੰਘ ਵਾਸੀ ਪਿੜ ਬਿਸੰਬਰਪੁਰਾ ਅਤੇ ਇਹਨਾਂ ਦੇ ਨਾਲ 12-13 ਨਾਮਲੂਮ ਹੋਰ ਨੌਜਵਾਨ ਵੱਖ-2 ਮੋਟਰਸਾਈਕਲਾਂ ਤੇ ਸਵਾਰ ਹੋ ਕੇ ਆਏ ਸੜਕ ਪਰ ਮੋਟਰਸਾਈਕਲ ਖੜੇ ਕਰਕੇ ਸਾਡੇ ਘਰ ਅੰਦਰ ਦਾਖਲ ਹੋ ਗਏ ਆਉਦਿਆ ਸਾਰ ਹੀ ਸਾਹਿਬ ਨੇ ਲਲਕਾਰਾ ਮਾਰ ਕੇ ਕਿਹਾ ਫੜ ਲਓ ਅਰੁਣਜੀਤ ਸਿੰਘ ਨੂੰ ਇਸ ਨੂੰ ਲੜਕੀ ਸੰਦੀਪ ਕੌਰ ਨਾਲ ਗੱਲਬਾਤ ਕਰਨ ਦਾ ਮਜ਼ਾ ਚਖਾ ਦਿਓ ਤਾਂ ਇਹਨਾਂ ਕਹਿਣ ਤੇ ਉਸ ਨਾਲ ਆਏ ਬਾਕੀ ਨੌਜਵਾਨਾ ਨੇ ਸਾਡੇ ਘਰ ਦੀ ਭੰਨਤੋੜ ਕਰਨੀ ਸ਼ੁਰੂ ਕਰ ਦਿਤੀਮੈਂ ਡਰਦਾ ਮਾਰਾ ਘਰ ਦੀ ਛੱਤ ਤੋਂ ਪਿਛਲੇ ਪਾਸੇ ਉਤਰ ਕੇ ਆਪਣੀ ਜਾਨ ਬਚਾਈ ਤੇ ਫਿਰ ਮੈਂ ਪਿੰਡ ਦੇ ਹੋਰ ਵਿਅਕਤੀਆਂ ਨੂੰ ਨਾਲ ਲੈ ਕੇ ਘਰ ਆਇਆ ਤਾਂ ਉਕਤ ਨੌਜਵਾਨ ਲਲਕਾਰੇ ਮਾਰਦੇ ਹੋਏ ਧਮਕੀਆਂ ਦੇਂਦੇ ਹੋਏ ਮੌਕਾ ਤੋਂ ਆਪਣੇ ਹਥਿਆਰਾਂ ਸਮੇਤ ਆਪਣੇ ਮੋਟਰਸਾਈਕਲਾਂ ਤੇ ਸਵਾਰ ਹੋ ਕੇ ਦੌੜ ਗਏ ਫਿਰ ਮੈਂ ਆਪਣੇ ਘਰ ਅੰਦਰ ਵੜ ਕੇ ਦੇਖਿਆ ਤਾਂ ਸਾਡੇ ਘਰ ਦੇ ਬਾਥਰੂਮ ਦੀ ਭੰਨਤੋੜ ਮੋਟਰਸਾਈਕਲ ਨੰਬਰੀ ਪੀ.ਬੀ-02-ਏ.ਵਾਏ-3354 ਮਾਰਕਾ ਪਲੀਨਾ ਅਤੇ ਐਕਟਿਵਾ ਨੰਬਰੀ ਪੀ.ਬੀ-02-ਈ.ਈ-1568 ਦੀ ਭੰਨਤੋੜ ਕੀਤੀ ਅਤੇ ਮੇਰੀ ਮਾਤਾ ਬਿੰਦਰ ਕੌਰ ਦੀ ਗੋਦਰੇਜ ਅਲਮਾਰੀ ਵਿੱਚੋਂ 30,000/ਰੁਪੈ ਨਗਦ ਜੋ ਕਮੇਟੀ ਦੇ ਪੈਸੇ ਸਨ ਅਤੇ ਮੇਰੇ ਵੀਡੀਓ ਗ੍ਰਾਫੀ ਵਾਲਾ ਕੈਮਰਾ ਨੰਬਰ 90 ਨੰਬਰ ਮਾਰਕਾ ਪੈਨਾਸੋਨਿਕ ਚੋਰੀ ਕਰ ਲਏ। ਵਜ੍ਹਾ ਰੰਜਿਸ ਇਹ ਹੈ ਕਿ ਮੇਰਾ ਭਰਾ ਅਤੇ ਲੜਕੀ ਸੰਦੀਪ ਕੌਰ ਆਪਸ ਵਿੱਚ ਸ਼ਾਦੀ ਕਰਨਾ ਚਾਹੁੰਦੇ ਹਨ।ਜਿਸ ਕਰਕੇ ਲੜਕੀ ਭਰਾ ਸਾਹਿਬ ਸਿੰਘ ਇਸ ਸ਼ਾਦੀ ਦੀ ਵਿਰੋਧਤਾ ਕਰਦਾ ਹੈ।ਜਿਸਤੇ ਮੁਕਦਮਾ ਦਰਜ ਰਜਿਸਟਰ ਕੀਤਾ ਗਿਆ। | 30,000/ਰੁਪੈ ਨਗਦੀ ਅਤੇ ਵੀਡੀਓ ਗ੍ਰਾਫੀ ਵਾਲਾ ਕੈਮਰਾ ਨੰਬਰ 90 ਨੰਬਰ ਮਾਰਕਾ ਪੈਨਾਸੋਨਿਕ | (ਵੀਡੀਉ ਗ੍ਰਾਫੀ ਕੀਤੀ ਗਈ ਹੈ) | ਏ.ਐਸ.ਆਈ ਤਰਸੇਮ ਸਿੰਘ ਨੰਬਰ 850 9780003364 |
| 5. | ਅਜਨਾਲਾ | 214 ਮਿਤੀ 26-10-24 ਜੁਰਮ 303 (2) BNS. 21 ) ਮਾਇਨਿੰਗ ਮਿਨਰਲ ਐਕਟ 1957 | ਐਸ.ਆਈ ਲਖਵਿੰਦਰ ਸਿੰਘ 1845 9876620412 | ਕਿੰਦਾ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਪਿੰਡ ਚੱਕ ਔਲ **ਭਗੋੜਾ** | ਮਨ SI ਸਮੇਤ ਸਾਥੀ ਕਰਮਚਾਰੀਆ ਗਸਤ ਦਾ ਤਲਾਸ਼ ਭੈੜੇ ਪੁਰਸ਼ਾਂ ਅਤੇ ਨਜਾਇਜ ਮਾਇਨਿੰਗ ਦੇ ਸਬੰਧ ਵਿਚ ਥਾਣਾ ਅਜਨਾਲਾ ਤੋਂ ਪਿੰਡ ਤਲਵੰਡੀ ਰਾਏ ਦਾਦੂ, ਲਾਲ ਵਾਲਾ, ਚੱਕ ਔਲ ਅਦਿ ਪਿੰਡਾਂ ਨੂੰ ਜਾ ਰਹੀ ਸੀ ਕਿ ਜਦ ਪੁਲਿਸ ਪਾਰਟੀ ਮੋੜ ਤਲਵੰਡੀ ਰਾਏ ਦਾਦੂ ਅਜਨਾਲਾ ਨਜਦੀਕ ਪੁੱਜੀ ਤਾਂ ਸਾਹਮਣੇ ਤੋਂ ਇਕ ਗੱਡੀ ਮਹਿੰਦਰਾ ਬੋਲੇਰੋ ਬਿਨਾਂ ਨੰਬਰੀ ਗੱਡੀ ਆਉਂਦੀ ਦਿਖਾਈ ਦਿੱਤੀ ਜਿਸ ਨੂੰ ਮਨ SI ਨੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਰੁਕਣ ਦਾ ਇਸ਼ਾਰਾ ਕੀਤਾ ਗੱਡੀ ਰੋਕ ਕੇ ਇਕ ਮੋਨਾ ਨੌਜਵਾਨ ਉਮਰ ਕਰੀਬ 19/20 ਸਾਲ ਜੋ ਗੱਡੀ ਚਲਾ ਰਿਹਾ ਸੀ ਜੋ ਮੌਕਾ ਤੋਂ ਭੱਜਣ ਵਿਚ ਕਾਮਯਾਬ ਹੋ ਗਿਆ । ਗੱਡੀ ਮਹਿੰਦਰਾ ਪਿੱਕ ਅਪ ਰੰਗ ਚਿੱਟਾ ਜਿਸ ਦੇ ਅੱਗੇ ਪਿੱਛੇ ਨੰਬਰ ਪਲੇਟ ਤੇ ਕੋਈ ਵੀ ਨੰਬਰ ਨਹੀਂ ਲਿਖਿਆ ਹੋਇਆ ਜਦ ਮਨ SI ਨੇ ਗੱਡੀ ਨੂੰ ਚੰਗੀ ਤਰ੍ਹਾਂ ਦੋਵਾਂ ਪਾਸਿਆਂ ਤੋਂ ਚੈਕ ਕੀਤਾ ਡਰਾਇਵਰ ਸਾਈਡ ਵਾਲੇ ਛੋਟੇ ਸ਼ੀਸ਼ੇ ਤੇ ਨੰਬਰ PB-02-DF 3859 ਲਿਖਿਆ ਹੋਇਆ ਜਿਸ ਵਿਚ ਕਰੀਬ 2 ਸੈਕੜੈ ਰੇਤਾ ਲੋਡ ਹੈ ਜੋ ਰੇਤਾ ਸਬੰਧੀ ਗੱਡੀ ਵਿਚੋਂ ਕੋਈ ਸਰਕਾਰੀ ਰਸੀਦ ਅਤੇ ਗੱਡੀ ਰਜਿਸਟਰੇਸ਼ਨ ਬਾਰੇ ਕੋਈ ਕਾਗਜਾਤ ਨਹੀਂ ਮਿਲਿਆ। ਜੋ ਗੱਡੀ ਦੇ ਡਰਾਇਵਰ ਬਾਰੇ ਪਤਾ ਲੱਗਾ ਹੈ ਕਿ ਇਹ ਗੱਡੀ ਨੂੰ ਕਿੰਦਾ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਪਿੰਡ ਚੱਕ ਔਲ ਚਲਾ ਰਿਹਾ ਸੀ | ਗੱਡੀ ਮਹਿੰਦਰਾ ਬੋਲੇਰੋ PB-02-DF 3859 ਸ਼ਮੇਤ 2 ਸੈਕੜੈ ਰੇਤ | ਕੀਤੀ ਗਈ | ਐਸ.ਆਈ ਲਖਵਿੰਦਰ ਸਿੰਘ 1845 9876620412 |
| 6. | ਮਹਿਤਾ | 98 ਮਿਤੀ 26-10-24 ਜੁਰਮ 22-62-85 NDPS ACT | ASI ਹਰਦੀਪ ਸਿੰਘ ਨੰਬਰ 1610 MOB No 9780003375 | ਲਖਬੀਰ ਸਿੰਘ ਪੁੱਤਰ ਅਰਜਨ ਸਿੰਘ ਵਾਸੀ ਬੁੱਟਰ ਕਲਾਂ ਥਾਣਾ ਮਹਿਤਾ (**ਗ੍ਰਿਫਤਾਰੀ ਹੈ** | ਮਨ ASI ਸਮੇਤ ਸਾਥੀ ਕਰਮਚਾਰੀਆ ਦੇ ਗਸ਼ਤ ਬਾ ਤਾਲਾਸ਼ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਥਾਣਾ ਮਹਿਤਾ ਤੋਂ ਪਿੰਡ ਮਹਿਤਾ ਨੂੰ ਜਾ ਰਹੇ ਸੀ ਕਿ ਜਦ ਪੁਲਿਸ ਪਾਰਟੀ ਪੁੱਲ ਸੂਆ ਮਹਿਤਾ ਪੁੱਜੀ ਤਾਂ ਇੱਕ ਸਰਦਾਰ ਆਦਮੀ ਪੁਲਿਸ ਪਾਰਟੀ ਨੂੰ ਦੇਖ ਕੇ ਜਮੀਨ ਤੇ ਬੈਠ ਗਿਆ ਜਿਸਨੂੰ ਮਨASI ਸਮੇਤ ਸਾਥੀ ਕਰਮਚਾਰੀਆ ਦੀ ਮਦਦ ਨਾਲ ਕਾਬੂ ਕਰਕੇ ਨਾਮ ਪਤਾ ਪੁਛਿਆ ਜਿਸਨੇ ਆਪਣਾ ਨਾਮ ਲਖਬੀਰ ਸਿੰਘ ਪੁੱਤਰ ਅਰਜਨ ਸਿੰਘ ਵਾਸੀ ਬੁੱਟਰ ਕਲਾਂ ਦੱਸਿਆ ਜਿਸਦੀ ਤਲਾਸੀ ਕਰਨ ਤੇ 50 ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ ਜਿਸਤੇ ਮੁਕਦਮਾ ਦਰਜ ਰਜਿਸਟਰ ਕਰਕੇ ਮੁਢਲੀ ਤਫਤੀਸ਼ ਅਮਲ ਵਿੱਚ ਲਿਆਦੀ ਗਈ । | 50 ਨਸ਼ੀਲੀਆਂ ਗੋਲੀਅ | ਜੀ-ਹਾਂ | ASI ਹਰਦੀਪ ਸਿੰਘ ਨੰਬਰ 1610 MOB No 9780003375 |

| | | | | | | | | |
|---|---|---|---|---|---|---|---|---|
| 7. | ਮਹਿਤਾ | 99 ਮਿਤੀ 26.10.2024 ਜੁਰਮ 223 ਬੀ.ਐਨ.ਐਸ | ASI ਪਲਵਿੰਦਰ ਸਿੰਘ ਨੰਬਰ 1538 9780004368 | ਲਖਬੀਰ ਸਿੰਘ ਪੁੱਤਰ ਹਜਾਰਾ ਸਿੰਘ ਵਾਸੀ ਚੰਨਣਕੇ **ਗ੍ਰਿਫਤਾਰੀ ਨਿੱਲ** | ਮਨ ASI ਸਮੇਤ ਸਾਥੀ ਕਰਮਚਾਰੀਆ ਦੇ ਗਸ਼ਤ ਬਾ ਤਾਲਾਸ਼ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਥਾਣਾ ਮਹਿਤਾ ਉਦੋਨੰਗਲ,ਅਰਜਨਮਾਂਗਾ ਨੂੰ ਜਾ ਰਹੇ ਸੀ ਕਿ ਜਦ ਪੁਲਿਸ ਪਾਰਟੀ ਅੱਡਾ 23 ਮੀਲ ਪੁੱਜੀ ਤਾਂ ਮੁਖਬਰ ਖਾਸ ਨੇ ਹਾਜਰ ਆ ਇਤਲਹ ਦਿੱਤੀ ਕਿ ਲਖਬੀਰ ਸਿੰਘ ਪੁੱਤਰ ਹਜਾਰਾ ਸਿੰਘ ਵਾਸੀ ਚੰਨਣਕੇ ਥਾਣਾ ਮਹਿਤਾ ਨੇ ਆਪਣੇ ਝੋਨੇ ਦੇ ਖੇਤਾਂ ਵਿੱਚ ਪਰਾਲੀ ਨੂੰ ਅੱਗ ਲਗਾਈ ਹੈ ਜਿਸਤੇ ਮਨ ASI ਵੱਲੋ ਪੰਜਾਬ ਸਰਕਾਰ ਅਤੇ ਡੀ.ਸੀ ਸਾਹਿਬ ਦੇ ਹੁਕਮਾ ਦੀ ਉਲਘਣਾ ਕਰਨ ਤੇ ਲਖਬੀਰ ਸਿੰਘ ਪੁੱਤਰ ਹਜਾਰਾ ਸਿੰਘ ਵਾਸੀ ਚੰਨਣਕੇ ਖਿਲਾਫ ਜੁਰਮ 223 ਬੀ.ਐਨ.ਐਸ ਤਹਿਤ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। | ----- | ---- | ASI ਪਲਵਿੰਦਰ ਸਿੰਘ ਨੰਬਰ 1538 MOB No 9780004368 |
| 8. | ਘਰਿੰਡਾ | 255 ਮਿਤੀ 26/10/2024 ਜੁਰਮ 21-61-85 NDPS ACT,10,11,12 AIR CRAFT ACT | INSP RAJILAL A Offg Coy Comdr 'B' Coy BOP Pulmoran ph no 8470973989 | ਨਾਮਲੂਮ ਵਿਅਕਤੀ | INSP RAJILAL A Offg Coy Comdr 'B' Coy BOP Pulmoran ਵੱਲੋ ਹਾਜਰ ਆ ਕੇ ਇੱਕ ਪੱਤਰ ਨੰਬਰ NO.OPS/LODG-FIR/B/144/ADHOC P-1 BN/2024/661,Dated 26 Oct' 2024 ਸਮੇਤ ONE SMALL DRONE (DJI MAVIC CLASSIC 3) IN DAMAGED CONDITION ALONG WITH A SMALL PACKET SUSPECTED TO BE CONTRABAND ITEMS WRAPPED WITH YELLOW COLOURED ADHESIVE TAPE OF GROSS WEIGHT 550 GRAM INCLUDING PACKING MATERIAL ਅਤੇ ਹੋਰ ਕਾਗਜਾਤ ਵੱਲੋ ਮੇਰੇ ਪੇਸ਼ ਕੀਤੇ । ਜੋ ਪੇਸ਼ ਕੀਤੇ A SMALL PACKET SUSPECTED TO BE CONTRABAND ITEMS WRAPPED WITH YELLOW COLOURED ADHESIVE TAPE OF GROSS WEIGHT 550 GRAM INCLUDING PACKING MATERIAL ਨੂੰ ਖੋਲ ਕੇ ਚੈੱਕ ਕੀਤਾ ਤਾ ਉਸ ਵਿੱਚੋ ਹੈਰੋਇੰਨ ਬ੍ਰਾਮਦ ਹੋਈ ।ਜੋ ਬ੍ਰਾਮਦਾ ਹੈਰੋਇੰਨ ਦਾ ਕੰਪਿਊਟਰ ਰਾਈਜ਼ਡ ਕੰਡੇ ਨਾਲ ਤੋਲ ਕੀਤਾ ਤਾ ਕੁੱਲ ਵਜਨ 550 ਗ੍ਰਾਮ ਹੈਰੋਇੰਨ ਸਮੇਤ ਪੈਕਿੰਗ ਮਟੀਰੀਆਲ ਹੋਈ ।ਜੋ ਬ੍ਰਾਮਦ ਸ਼ੁਦਾ ਹੈਰੋਇੰਨ ਨੂੰ ਪੈਕਿੰਗ ਮਟੀਰੀਆਲ ਤੋ ਵੱਖ ਤੋਲ ਕਰਨ ਤੇ ਕੁੱਲ 480 ਗ੍ਰਾਮ ਹੈਰੋਇੰਨ ਸਮੇਤ ਮੋਮੀ ਲਿਫਾਫਾ ਹੋਈ ਤੇ ਬਾਕੀ ਪੈਕਿੰਗ ਮਟੀਰੀਆਲ ਦਾ ਵੱਖ ਤੋਲ ਕਰਨ ਤੇ ਜੋ ਕੁੱਲ 70 ਗ੍ਰਾਮ ਹੋਇਆ ਤੇ ONE SMALL DRONE (DJI MAVIC CLASSIC 3) IN DAMAGED CONDITION ਨੂੰ ਕਬਜਾ ਪੁਲਿਸ ਵਿੱਚ ਲਿਆ ਗਿਆ ਮੁਕੱਦਮਾ ਦਰਜ ਰਜਿਸਟਰ ਥਾਣਾ ਕੀਤਾ ਗਿਆ | 480 ਗ੍ਰਾਮ ਹੈਰੋਇੰਨ ਸਮੇਤ ਮੋਮੀ ਲਿਫਾਫਾ ਪੈਕਿੰਗ ਮਟੀਰੀਆਲ 70 ਗ੍ਰਾਮ ONE SMALL DRONE (DJI MAVIC CLASSIC 3) IN DAMAGED CONDITION | ਵੀਡੀਓਗ੍ਰਾਫੀ ਕੀਤੀ ਗਈ | ਐਸ.ਆਈ ਦਲਵਿੰਦਰ ਸਿੰਘ 1428 9780004628 |
| 9. | ਕੱਥੂਨੰਗਲ | 111 ਮਿਤੀ 26-10-2024 ਜੁਰਮ 115, 132, 221, 298, 351(2), 351(3) ਬੀ.ਐਨ.ਐਸ | ਦੀਪਕ ਸਿੰਘ (ਪ੍ਰਿੰਸੀਪਲ) ਪੁੱਤਰ ਮੋਹਨ ਸਿੰਘ ਵਾਸੀ ਵਾਰਡ ਨੰਬਰ 6, ਕੋਹੇਨੂਰ ਪੈਲੇਸ ਵਾਲੀ ਗਲੀ, ਗਹਿਰੀ ਮੰਡੀ, ਥਾਣਾ ਜੰਡਿਆਲਾ ਗੁਰੂ, ਅੰਮ੍ਰਿਤਸਰ 84275-32386 | ਜੈਦੀਪ ਸਿੰਘ ਪੁੱਤਰ ਸੇਵਾ ਸਿੰਘ ਵਾਸੀ ਸਾਧਪੁਰ **(ਗ੍ਰਿਫਤਾਰ)** | ਮੁਦਈ ਨੇ ਬਿਆਨ ਕੀਤਾ ਕਿ ਅੱਜ ਮੈ ਆਪਣੇ ਸਕੂਲ ਵਿੱਚ 08:25 ਏ.ਐਮ ਪਰ ਸਕੂਲ ਵਿੱਚ ਸਭਾ ਦੀ ਤਿਆਰੀ ਕਰਵਾ ਰਿਹਾ ਸੀ ਮੈ ਸਕੂਲ ਦੇ ਮੇਨ ਗੇਟ ਤੇ ਖੜਾ ਸੀ ਤਾ ਇਹਨੇ ਨੂੰ ਜੈਦੀਪ ਸਿੰਘ ਪੁੱਤਰ ਸੇਵਾ ਸਿੰਘ ਆਪਣੇ ਮੋਟਰ ਸਾਈਕਲ ਤੇ ਸਵਾਰ ਹੋ ਕੇ ਅੰਦਰ ਆਇਆ ਤਾ ਮੈ ਉਸ ਨੂੰ ਮੋਟਰ ਸਾਈਕਲ ਬਾਹਰ ਖੜਾ ਕਰਨ ਵਾਸਤੇ ਬੋਲਿਆ ਸੀ ਤਾ ਜੈਦੀਪ ਸਿੰਘ ਨੇ ਮੇਰੇ ਨਾਲ ਬਹਿਸਬਾਜੀ ਕਰਨੀ ਸੁਰੂ ਕਰ ਦਿੱਤੀ ਇਸ ਨੇ ਮੇਰੀ ਟੀ-ਸ਼ਰਟ ਤੋ ਫੜ ਕੇ ਮੇਰੇ ਨਾਲ ਧੱਕਾ ਮੁੱਕੀ ਕੀਤੀ ਤੇ ਮੇਰੀ ਦਸਤਾਰ/ਦੁਮਾਲੇ ਨੂੰ ਉਤਾਰ ਦਿੱਤਾ ਗਿਆ ਤੇ ਜਾਨੋ ਮਾਰਨ ਦੀਆ ਧਮਕੀਆ ਦਿੰਦਾ ਹੋਇਆ ਮੌਕੇ ਤੋ ਭੱਜ ਗਿਆ।ਜਿਸ ਤੇ ਮੁਕੱਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ । | ਮੋਟਰਸਾਇਕਲ ਮਾਰਕਾ ਸੀ.ਟੀ-100 ਅਤੇ ਦਸਤਾਰ/ ਦੁਮਾਲਾ | ਕੀਤੀ ਗਈ | ASI ਅਮਨਜੀਤ ਸਿੰਘ 1215 ਚੌਂਕੀ ਇੰਚਾਰਜ ਚਵਿੰਡਾ ਦੇਵੀ 97800-05728 |
| 10. | ਲ਼ੋਪੋਕੇ | 215 ਮਿਤੀ 26/10/2024 ਜੁਰਮ 125,3(5) BNS 25-27-54-59 A ACT | ਹਰਭਿੰਦਰ ਕੋਰ ਪੁੱਤਰੀ ਜਗੀਰ ਸਿੰਘ ਵਾਸੀ ਪਿੰਡ ਖਿਆਲਾ ਕਲਾਂ ਥਾਣਾ ਲੋਪੋਕੇ ਜਿਲਾ ਅੰਮ੍ਰਿਤਸਰ ਉਮਰ ਕ੍ਰੀਬ 30 ਸਾਲ 90562-99606 | 1 ਰਘਬੀਰ ਸਿੰਘ੍ ਕਾਲਾ ਪੁੱਤਰ ਅਨੂਪ ਸਿੰਘ 2.ਅਨੂਪ ਸਿੰਘ ਪੁੱਤਰ ਜਿੰਦਰ ਸਿੰਘ ਖਾਲੀ ਹੱਥ ਵਾਸੀਆਨ ਖਿਆਲਾ ਕਲਾਂ **ਭਗੋੜੇ** | ਮੁਦਈ ਨੇ ਬਿਆਨ ਕੀਤਾ ਕਿ ਮਿਤੀ 26-10-2024 ਨੂੰ ਮੇਰਾ ਭਰਾ ਬਲਜੀਤ ਸਿੰਘ ਪੁੱਤਰ ਜਗੀਰ ਸਿੰਘ ਕਿਰਾਏ ਦੀ ਝਛਕ ਲਗਾ ਕੇ ਆਪਣੀ ਜਮੀਨ ਵਿੱਚੋ ਮਿੱਟੀ ਦੀ ਪੁਟਾਈ ਕਰਵਾ ਰਿਹਾ ਸੀ, ਮੈ ਅਤੇ ਮੇਰੀ ਮਾਤਾ ਧੀਰ ਕੋਰ ਉਹਨਾ ਦਾ ਚਾਹ ਪਾਣੀ ਲੈ ਕੇ ਖੇਤਾ ਵਿੱਚ ਗਈਆ ਸੀ ਤਾਂ ਵਕਤ ਕ੍ਰੀਬ 09:30 ਵਜੇ ਦਿਨ ਦਾ ਹੋਵੇਗਾ ਕਿ ਰਘਬੀਰ ਸਿੰਘ੍ ਕਾਲਾ ਪੁੱਤਰ ਅਨੂਪ ਸਿੰਘ ਮੁੱਸਲਾ ਪਿਸਤੋਲ, ਅਨੂਪ ਸਿੰਘ ਪੁੱਤਰ ਜਿੰਦਰ ਸਿੰਘ ਖਾਲੀ ਹੱਥ ਵਾਸੀਆਨ ਖਿਆਲਾ ਕਲਾਂ ਆਏ ਅਤੇ ਆਉਂਦਿਆ ਹੀ ਅਨੂਪ ਸਿੰਘ ਨੇ ਲਲਕਾਰਾ ਮਾਰ ਕੇ ਕਿਹਾ ਕਿ ਇਹਨਾ ਨੂੰ ਕਈ ਵਾਰ ਕਿਹਾ ਕਿ ਸਾਡੇ ਨਾਲ ਲੱਗਦੇ ਖੇਤ ਵਿੱਚੋ ਮਿੱਟੀ ਨਾ ਪੁਟਾਉ ਪਰ ਇਹ ਬਾਜ ਨਹੀ ਆਏ ਮਾਰ ਗੋਲੀ ਅੱਜ ਇਹ ਸੁੱਕੇ ਨਾ ਜਾਣ ਤਾਂ ਮੇਰੇ ਦੇਖਦਿਆ ਹੀ ਦੇਖਦਿਆ ਰਘਬੀਰ ਸਿੰਘ੍ ਕਾਲਾ ਨੇ ਆਪਣੇ ਦਸਤੀ ਪਿਸਤੋਲ ਨਾਲ ਮੇਰੇ ਭਰਾ ਬਲਜੀਤ ਸਿੰਘ ਵੱਲ ਹਵਾਈ ਫਾਇਰ ਕੀਤਾ ਤਾਂ ਮੇਰਾ ਭਰਾ ਬਲਜੀਤ ਸਿੰਘ ਡਰਦਾ ਮਾਰਾ ਯਕਦਮ ਥੱਲੇ ਨੂੰ ਝੁੱਕ ਕੇ ਜਮੀਨ ਤੇ ਡਿੱਗ ਪਿਆ। ਫਾਇਰ ਕਰਦੇ ਸਮੇ ਰਘਬੀਰ ਸਿੰਘ੍ ਕਾਲਾ ਦਾ ਦਸਤੀ ਪਿਸਤੋਲ ਅਚਾਨਕ ਖੁੱਲ ਗਿਆ ਜਿਸ ਦਾ ਇੱਕ ਹਿੱਸਾ ਪੁਰਜਾ ਅਤੇ ਰੋਂਦ ਜਮੀਨ ਤੇ ਡਿੱਗ ਪਏ ਜੇਕਰ ਉਸ ਦਾ ਪਿਸਤੋਲ ਅਚਾਨਕ ਖੁੱਲ ਕੇ ਉਸ ਦੇ ਰੋਂਦ ਅਤੇ ਹਿੱਸਾ ਪੁਰਜਾ ਜਮੀਨ ਤੇ ਨਾ ਡਿੱਗਦੇ ਤਾਂ ਉਸ ਨੇ ਦੂਸਰਾ ਫਾਇਰ ਕਰਕੇ ਮੇਰੇ ਭਰਾ ਬਲਜੀਤ ਸਿੰਘ ਨੂੰ ਜਾਨੋ ਮਾਰ ਦੇਣਾ ਸੀ।ਜਿਸਤੇ ਉਕਤ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। | 05 ਰੋਂਦ | ਨਹੀ | ਏ.ਐਸ.ਆਈ ਗੁਰਦੇਵ ਸਿੰਘ 1346 ਮੋ9779669300 |

| | | | | | | | | |
|---|---|---|---|---|---|---|---|---|
| 11. | ਲੋਪੋਕੇ | 216 ਮਿਤੀ 26/10/2024 ਜੁਰਮ 106(1)125(ਅ)324(2) BNS | ਪੱਬਾ ਸਿੰਘ ਪੁੱਤਰ ਬਿੱਲਾ ਸਿੰਘ ਵਾਸੀ ਪਿੰਡ ਕੁੱਤੀਵਾਲ ਥਾਣਾ ਭਿੰਡੀ ਸੈਦਾ ਜਿਲਾ ਅੰਮ੍ਰਿਤਸਰ ਉਮਰ ਕ੍ਰੀਬ 35 ਸਾਲ 70871-47645 | ਰੂਪ ਸਿੰਘ ਪੁੱਤਰ ਜੁਵਾਹਰ ਸਿੰਘ ਵਾਸੀ ਪਿੰਡ ਮਕਾਨ ਨੰਬਰ 454-ਅਢ ਸੈਕਟਰ 07 ਚੰਡੀਗੜ **ਭਗੋੜਾ** | ਮੁਦਈ ਨੇ ਬਿਆਨ ਕੀਤਾ ਕਿ ਮੇਰੀ ਮਾਤਾ ਵਿੱਦੋ ਕੋਰ ਜੋ ਕਿ ਕ੍ਰੀਬ 5/7 ਦਿਨ ਪਹਿਲਾਂ ਮੇਰੀ ਭੈਣ ਮਾਣੀ ਕੌਰ ਨੂੰ ਮਿਲਣ ਲਈ ਉਸ ਪਾਸ ਪਿੰਡ ਸਹੂਰਾ ਗਈ ਸੀ। ਜਿਸ ਨੂੰ ਅੱਜ ਲੈਣ ਲਈ ਮੈਂ, ਮੇਰਾ ਬੇਟਾ ਅੰਸ ਸਿੰਘ ਉਮਰ ਕ੍ਰੀਬ 13 ਸਾਲ ਅਤੇ ਮੇਰੇ ਮਾਮੇ ਦਾ ਲੜਕਾ ਲਵਪ੍ਰੀਤ ਸਿੰਘ ਉਰਫ ਸੇਰਾ ਪੁੱਤਰ ਮੁਖਤਾਰ ਸਿੰਘ ਵਾਸੀ ਭਿੱਖੀਵਿੰਡ ਜਿਲਾ ਤਰਨਤਾਰਨ ਨੂੰ ਨਾਲ ਲੈ ਕੇ ਮੇਰੇ ਮੋਟਰ ਸਾਇਕਲ ਮਾਰਕਾ ਸਪਲੈਂਡਰ ਤੇ ਸੁਵਾਰ ਹੋ ਕੇ ਪਿੰਡ ਸਹੂਰਾ ਗਏ ਸੀ। ਜਿਸ ਤੋਂ ਬਾਅਦ ਸਾਮ ਨੂੰ ਮੈਂ ਮੇਰਾ ਜੀਜਾ ਸੁਰਜੀਤ ਸਿੰਘ ਉਸਦੇ ਮੋਟਰ ਸਾਇਕਲ ਤੇ ਸੁਵਾਰ ਹੋ ਕੇ ਅਤੇ ਮੇਰੀ ਮਾਤਾ ਵਿੱਦੋ ਕੋਰ, ਬੇਟਾ ਅੰਸ ਸਿੰਘ ਅਤੇ ਮੇਰੇ ਮਾਮੇ ਦਾ ਲੜਕਾ ਲਵਪ੍ਰੀਤ ਸਿੰਘ ਉਰਫ ਸੇਰਾ ਮੇਰੇ ਮੋਟਰ ਸਾਇਕਲ ਸਪਲੈਂਡਰ ਤੇ ਸੁਵਾਰ ਹੋ ਕੇ ਸਾਡੇ ਪਿੰਡ ਕੁੱਤੀਵਾਲ ਨੂੰ ਚੱਲ ਪਏ ਸੀ। ਜੋ ਇਹ ਤਿੰਨੋ ਜਾਣੇ ਮੇਰੇ ਮੋਟਰ ਸਾਇਕਲ ਤੋਂ ਕ੍ਰੀਬ 20/22 ਮੀਟਰ ਅੱਗੇ-ਅੱਗੇ ਜਾ ਰਹੇ ਸੀ ਤਾਂ ਵਕਤ ਕ੍ਰੀਬ 3.00 ਵਜੇ ਦੁਪਿਹਰ ਦਾ ਹੋਵੇਗਾ ਕਿ ਜਦੋਂ ਅਸੀ ਸਾਰੇ ਵਣੀਕੇ ਤੋਂ ਕਮਾਸਕਾ ਰੋਡ ਨੇੜੇ ਪੈਟਰੋਲ ਪੰਪ ਇੰਡੀਅਨ ਪਾਸ ਪੁੱਜੇ ਤਾਂ ਸਾਹਮਣੇ ਤੋਂ ਇੱਕ ਗੱਡੀ ਮਹਿੰਦਰਾ ਬੈਲੋਰੋ ਰੰਗ ਚਿੱਟਾ ਨੰਬਰੀ CH-01-GA-8481 ਦੇ ਡਰਾਇਵਰ ਨੇ ਸਾਹਮਣੇ ਤੋਂ ਆਪਣੀ ਗੱਡੀ ਤੇਜ ਰਫਤਾਰੀ ਤੇ ਲਾਹਪਰਵਾਹੀ ਨਾਲ ਲਿਆਕੇ ਮੇਰੇ ਮਾਮੇ ਦੇ ਲੜਕੇ ਲਵਪ੍ਰੀਤ ਸਿੰਘ ਉਰਫ ਸੇਰਾ ਦੇ ਮੋਟਰ ਸਾਇਕਲ ਵਿੱਚ ਮਾਰੀ। ਜਿਸ ਨਾਲ ਉਸਦਾ ਮੋਟਰ ਸਾਇਕਲ ਡਿੱਗ ਪਿਆ ਤੇ ਜੋ ਅਸੀ ਆਪਣਾ ਮੋਟਰ ਸਾਇਕਲ ਰੋਕ ਕੇ ਇਹਨਾਂ ਨੂੰ ਚੈੱਕ ਕੀਤਾ ਕੀਤਾ ਤਾਂ ਮੇਰੀ ਮਾਤਾ ਵਿੱਦੋ ਕੋਰ, ਬੇਟੇ ਅੰਸ ਸਿੰਘ ਅਤੇ ਮੇਰੇ ਮਾਮੇ ਦੇ ਲੜਕੇ ਲਵਪ੍ਰੀਤ ਸਿੰਘ ਉਰਫ ਸੇਰਾ ਦੇ ਕਾਫੀ ਜਿਆਦਾ ਸੱਟਾਂ ਵੱਜੀਆਂ ਸਨ। ਜੋ ਕਿ ਬਾਅਦ ਵਿੱਚ ਮੈਂ ਗੱਡੀ ਸੁਵਾਰ ਦਾ ਨਾਮ ਪਤਾ ਪੁੱਛਿਆ ਤਾਂ ਜਿਸ ਨੇ ਆਪਣਾ ਨਾਮ ਰੂਪ ਸਿੰਘ ਪੁੱਤਰ ਜੁਵਾਹਰ ਸਿੰਘ ਵਾਸੀ ਪਿੰਡ ਮਕਾਨ ਨੰਬਰ 454-AF ਸੈਕਟਰ 07 ਚੰਡੀਗੜ ਦੱਸਿਆ। ਜੋ ਕਿ ਮੈਂ ਸੁਵਾਰੀ ਦਾ ਪ੍ਰਬੰਧ ਕਰਕੇ ਇਹਨਾਂ ਨੂੰ ਇਲਾਜ ਲਈ ਅਰੋੜਾ ਹਸਪਤਾਲ ਛੇਹਰਟਾ ਦਾਖਲ ਕਰਵਾਇਆ। ਜਿੱਥੇ ਡਾਕਟਰ ਸਾਹਿਬ ਨੇ ਮੇਰੀ ਮਾਤਾ ਵਿੱਦੋ ਕੋਰ ਮ੍ਰਿਤਕ ਘੋਸਿਤ ਕਰ ਦਿੱਤਾ ਸੀ ਅਤੇ ਮੇਰੇ ਲੜਕੇ ਅੰਸ ਸਿੰਘ ਦੀ ਦੌਰਾਨੇ ਇਲਾਜ ਮੌਤ ਹੋ ਗਈ ਹੈ।ਜਿਸਤੇ ਉਕਤ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। | ਮੋਟਸਾਈਕਲ | ਨਹੀ | ਐਸ.ਆਈ ਸੁਖਵਿੰਦਰਜੀਤ ਸਿੰਘ 13319815581331 |

ਸਹੀ/-
ਪੁਲਿਸ ਕੰਟੋਰਲ ਰੂਮ
ਅੰਮ੍ਰਿਤਸਰ(ਦਿਹਾਤੀ)
ਮਿਤੀ 27-10-2024